# ਅਧਿਕਾਰਾਂ ਦਾ ਵੋਟਰ ਬਿਲ

## ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਹਨ

1. **ਵੋਟ ਪਾਉਣ ਦਾ ਅਧਿਕਾਰ ਜੇ ਤੁਸੀਂ ਇੱਕ ਰਜਿਸਟਰਡ ਵੋਟਰ ਹੋ।** ਤੁਸੀਂ ਵੋਟ ਪਾਉਣ ਦੇ ਯੋਗ ਹੋ ਜੇ ਤੁਸੀਂ:

   - ★ ਕੈਲੀਫੋਰਨੀਆ ਵਿੱਚ ਰਹਿ ਰਹੇ ਇੱਕ ਅਮਰੀਕੀ ਨਾਗਰਿਕ ਹੋ
   - ★ ਘੱਟੋ ਘੱਟ 18 ਸਾਲ ਦੇ ਹੋ
   - ★ ਉਸ ਥਾਂ 'ਤੇ ਰਜਿਸਟਰਡ ਹੋ ਜਿੱਥੇ ਤੁਸੀਂ ਇਸ ਸਮੇਂ ਰਹਿੰਦੇ ਹੋ
   - ★ ਇਸ ਸਮੇਂ ਕਿਸੇ ਅਪਰਾਧ ਦੀ ਸਜ਼ਾ ਲਈ ਪ੍ਰਾਂਤਕੀ ਜਾਂ ਸੰਘੀ ਜੇਲ੍ਹ ਦੀ ਸਜ਼ਾ ਨਹੀਂ ਕੱਟ ਰਹੇ ਹੋ, ਅਤੇ
   - ★ ਇਸ ਸਮੇਂ ਕਿਸੇ ਅਦਾਲਤ ਦੁਆਰਾ ਵੋਟ ਪਾਉਣ ਲਈ ਮਾਨਸਿਕ ਤੌਰ 'ਤੇ ਅਯੋਗ ਨਹੀਂ ਪਾਏ ਜਾਂਦੇ

2. **ਵੋਟ ਪਾਉਣ ਦਾ ਅਧਿਕਾਰ ਜੇ ਤੁਸੀਂ ਇੱਕ ਰਜਿਸਟਰਡ ਵੋਟਰ ਹੋ ਭਾਵੇਂ ਤੁਹਾਡਾ ਨਾਮ ਸੂਚੀ ਵਿੱਚ ਨਹੀਂ ਹੈ।**
   ਤੁਸੀਂ ਇੱਕ ਆਰਜ਼ੀ ਬੈਲਟ ਦੀ ਵਰਤੋਂ ਕਰਕੇ ਵੋਟ ਪਾਓਗੇ। ਜੇ ਚੋਣ ਅਧਿਕਾਰੀ ਇਹ ਪੁਸ਼ਟੀ ਕਰਦੇ ਹਨ ਕਿ ਤੁਸੀਂ ਵੋਟ ਪਾਉਣ ਦੇ ਯੋਗ ਹੋ ਤਾਂ ਤੁਹਾਡੀ ਵੋਟ ਦੀ ਗਿਣਤੀ ਕੀਤੀ ਜਾਏਗੀ।

3. **ਵੋਟ ਪਾਉਣ ਦਾ ਅਧਿਕਾਰ ਜੇ ਤੁਸੀਂ ਪੋਲਿੰਗ ਖ਼ਤਮ ਹੋਣ ਸਮੇਂ ਅਜੇ ਵੀ ਲਾਈਨ ਵਿੱਚ ਹੋ।**

4. **ਗੁਪਤ ਵੋਟ ਪਾਉਣ ਦਾ ਅਧਿਕਾਰ** ਕਿਸੇ ਵੱਲੋਂ ਤੁਹਾਨੂੰ ਪਰੇਸ਼ਾਨ ਕੀਤੇ ਬਿਨਾ ਜਾਂ ਇਹ ਦੱਸੇ ਬਿਨਾ ਕਿ ਵੋਟ ਕਿਵੇਂ ਦੇਣੀ ਹੈ।

5. **ਜੇ ਤੁਸੀਂ ਕੋਈ ਗਲਤੀ ਕੀਤੀ ਹੈ ਤਾਂ ਇੱਕ ਨਵੀਂ ਵੋਟ ਪਾਉਣ ਦਾ ਅਧਿਕਾਰ,**ਜੇ ਤੁਸੀਂ ਅਜੇ ਆਪਣੀ ਵੋਟ ਨਹੀਂ ਪਾਈ ਹੈ। ਤਾਂ ਤੁਸੀਂ:
   **ਕਿਸੇ ਪੋਲਿੰਗ ਸਥਾਨ 'ਤੇ ਚੋਣ ਅਧਿਕਾਰੀ ਤੋਂ** ਨਵੀਂ ਬੈਲਟ ਲਈ ਕਹਿ ਸਕਦੇ ਹੋ,
   **ਆਪਣੀ ਡਾਕ-ਦੁਆਰਾ-ਵੋਟ ਬੈਲਟ ਨੂੰ** ਕਿਸੇ ਚੋਣ ਦਫ਼ਤਰ ਵਿਖੇ ਇੱਕ ਨਵੀਂ ਵੋਟ ਨਾਲ ਬਦਲ ਸਕਦੇ ਹੋ, ਜਾਂ ਤੁਹਾਡੀ ਪੋਲਿੰਗ ਵਾਲੀ ਥਾਂ 'ਤੇ, ਜਾਂ
   **ਆਰਜ਼ੀ ਬੈਲਟ ਦੀ ਵਰਤੋਂ ਕਰਕੇ ਵੋਟ ਦੇ ਸਕਦੇ ਹੋ।**

6. **ਆਪਣੀ ਵੋਟ ਪਾਉਣ ਲਈ ਮਦਦ ਪ੍ਰਾਪਤ ਕਰਨ ਦਾ ਅਧਿਕਾਰ** ਤੁਹਾਡੇ ਮਾਲਕ ਜਾਂ ਯੂਨੀਅਨ ਦੇ ਪ੍ਰਤੀਨਿਧੀ ਨੂੰ ਛੱਡ ਕੇ, ਕਿਸੇ ਵੀ ਵਿਅਕਤੀ ਤੋਂ।

7. **ਕਿਸੇ ਵੀ ਪੋਲਿੰਗ ਸਥਾਨ 'ਤੇ ਤੁਹਾਡੇ ਭਰੇ ਹੋਏ ਡਾਕ-ਦੁਆਰਾ-ਵੋਟ ਨੂੰ ਸਪੁਰਦ ਕਰਨ ਦਾ ਅਧਿਕਾਰ** ਕੈਲੀਫੋਰਨੀਆ ਵਿੱਚ।

8. **ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਚੋਣ ਸਮੱਗਰੀਆਂ ਪ੍ਰਾਪਤ ਕਰਨ ਦਾ ਅਧਿਕਾਰ** ਜੇ ਤੁਹਾਡੇ ਵੋਟ ਖੇਤਰ ਵਿੱਚ ਕਾਫ਼ੀ ਲੋਕ ਉਹ ਭਾਸ਼ਾ ਬੋਲਦੇ ਹਨ।

9. **ਚੋਣ ਪ੍ਰਕਿਰਿਆਵਾਂ ਬਾਰੇ ਚੋਣ ਅਧਿਕਾਰੀਆਂ ਨੂੰ ਪ੍ਰਸ਼ਨ ਪੁੱਛਣ** ਅਤੇ ਚੋਣ ਪ੍ਰਕਿਰਿਆ ਨੂੰ ਵੇਖਣ ਦਾ ਅਧਿਕਾਰ। ਜੇ ਉਹ ਵਿਅਕਤੀ ਜਿਸ ਤੋਂ ਤੁਸੀਂ ਪੁੱਛਦੇ ਹੋ ਤੁਹਾਡੇ ਪ੍ਰਸ਼ਨਾਂ ਦੇ ਜਵਾਬ ਨਹੀਂ ਦੇ ਸਕਦਾ, ਤਾਂ ਉਹਨਾਂ ਨੂੰ ਜਵਾਬ ਲਈ ਤੁਹਾਨੂੰ ਸਹੀ ਵਿਅਕਤੀ ਕੋਲ ਭੇਜਣਾ ਚਾਹੀਦਾ ਹੈ। ਜੇ ਤੁਸੀਂ ਉਹਨਾਂ ਨੂੰ ਪਰੇਸ਼ਾਨ ਕਰਦੇ ਹੋ, ਤਾਂ ਉਹ ਤੁਹਾਨੂੰ ਜਵਾਬ ਦੇਣਾ ਬੰਦ ਕਰ ਸਕਦੇ ਹਨ।

10. **ਕਿਸੇ ਵੀ ਗੈਰ-ਕਾਨੂੰਨੀ ਜਾਂ ਧੋਖਾਧੜੀ ਵਾਲੀ ਚੋਣ ਗਤੀਵਿਧੀ ਦੀ ਰਿਪੋਰਟ ਕਰਨ ਦਾ ਅਧਿਕਾਰ** ਕਿਸੇ ਚੋਣ ਅਧਿਕਾਰੀ ਜਾਂ ਸੈਕਟਰੀ ਆਫ ਸਟੇਟ ਦੇ ਦਫਤਰ ਨੂੰ।

### ਵਿਸ਼ੇਸ਼ ਨੋਟਿਸ

- ਪੋਲਿੰਗ ਉਸ ਦਿਨ ਸਵੇਰੇ 7:00 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲੀ ਰਹੇਗੀ ਜੋ ਪ੍ਰਕਾਸ਼ਤ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਦਿਖਾਇਆ ਗਿਆ ਹੈ।
- ਵੋਟ ਕਿਵੇਂ ਪਾਉਣੀ ਹੈ, ਅਤੇ ਇੱਕ ਆਰਜ਼ੀ ਵੋਟ ਕਿਵੇਂ ਪਾਉਣੀ ਹੈ, ਇਸ ਬਾਰੇ ਵਿਸ਼ੇਸ਼ ਹਿਦਾਇਤਾਂ ਕਿਸੇ ਵੀ ਪੋਲ ਵਰਕਰ ਤੋਂ ਜਾਂ ਤੁਹਾਡੇ ਸਥਾਨਕ ਚੋਣ ਅਧਿਕਾਰੀ ਦੁਆਰਾ ਤੁਹਾਨੂੰ ਭੇਜੀ ਗਈ ਜਾਣਕਾਰੀ ਨੂੰ ਪੜ੍ਹਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।
- ਜੇ ਤੁਸੀਂ ਇੱਕ ਨਵੇਂ ਰਜਿਸਟਰਡ ਵੋਟਰ ਹੋ, ਤਾਂ ਤੁਹਾਨੂੰ ਸੰਘੀ ਕਾਨੂੰਨ ਦੇ ਅਨੁਸਾਰ ਉਚਿਤ ਪਛਾਣ ਜਾਂ ਹੋਰ ਦਸਤਾਵੇਜ਼ ਪ੍ਰਦਾਨ ਕਰਾਉਣ ਲਈ ਕਿਹਾ ਜਾ ਸਕਦਾ ਹੈ। ਪਰ ਕਿਰਪਾ ਕਰਕੇ ਯਾਦ ਰੱਖੋ ਕਿ ਹਰ ਇੱਕ ਵਿਅਕਤੀ ਨੂੰ ਆਰਜ਼ੀ ਬੈਲਟ ਪਾਉਣ ਦਾ ਅਧਿਕਾਰ ਹੈ ਭਾਵੇਂ ਉਹ ਦਸਤਾਵੇਜ਼ ਪ੍ਰਦਾਨ ਨਹੀਂ ਕਰਦਾ ਜਾਂ ਕਰਦੀ।
- ਜਦੋਂ ਤੱਕ ਤੁਸੀਂ ਸੰਘੀ ਅਤੇ ਪ੍ਰਾਂਤਕੀ ਕਾਨੂੰਨ ਤਹਿਤ ਵੋਟ ਪਾਉਣ ਲਈ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ, ਖ਼ੁਦ ਨੂੰ ਵੋਟ ਪਾਉਣ ਦੇ ਯੋਗ ਹੋਣ ਵਜੋਂ ਪੇਸ਼ ਕਰਨਾ ਕਾਨੂੰਨ ਦੇ ਵਿਰੁੱਧ ਹੈ।
- ਵੋਟਿੰਗ ਉਪਕਰਣਾਂ ਨਾਲ ਛੇੜਛਾੜ ਕਰਨਾ ਕਾਨੂੰਨ ਦੇ ਵਿਰੁੱਧ ਹੈ।

**ਜੇ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਅਧਿਕਾਰ ਨਹੀਂ ਦਿੱਤਾ ਜਾ ਰਿਹਾ ਹੈ,** ਇਸ ਨੰਬਰ 'ਤੇ ਸੈਕਟਰੀ ਆਫ ਸਟੇਟ ਦੀ ਗੁਪਤ ਟੋਲ-ਫ੍ਰੀ ਵੋਟਰ ਹੌਟਲਾਈਨ ਨੂੰ ਫ਼ੋਨ ਕਰੋ (800) 345-VOTE (8683)।

ਵੈੱਬ 'ਤੇ **www.sos.ca.gov**

ਫ਼ੋਨ ਰਾਹੀਂ **(800) 345-VOTE (8683)**

ਈਮੇਲ ਰਾਹੀਂ **elections@sos.ca.gov**